# ਸਪਾਂਸਰ ਕੀਤੇ ਕਾਮਿਆਂ ਲਈ ਬਦਲਾਅ ਲਈ ਸਮਰੱਥ ਹੋਣ ਵਾਸਤੇ ਪ੍ਰਬੰਧ

ਹੋ ਸਕਦਾ ਹੈ ਕਿ ਹੁਣ ਤੁਹਾਡੇ ਕੋਲ ਆਪਣੀਆਂ ਵੀਜ਼ਾ ਸ਼ਰਤਾਂ ਦੀ ਉਲੰਘਣਾ ਕੀਤੇ ਬਿਨਾਂ ਨਵਾਂ ਸਪਾਂਸਰ ਲੱਭਣ ਲਈ ਵਧੇਰੇ ਸਮਾਂ ਹੋਵੇ। ਆਪਣੀਆਂ ਵੀਜ਼ਾ ਸ਼ਰਤਾਂ ਦੀ ਜਾਂਚ ਕਰੋ ਅਤੇ ਦੇਖੋ ਕਿ ਕੀ ਇਹ ਬਦਲਾਅ ਤੁਹਾਡੇ ਤੇ ਲਾਗੂ ਹੁੰਦੇ ਹਨ।

ਪੰਜਾਬੀ

## ਸ਼ਰਤ 8107 (ਸਬਕਲਾਸ 482 ਵੀਜ਼ਾ) ਵਿੱਚ ਲਿਆਂਦੇ ਗਏ ਬਦਲਾਅ

ਜੁਲਾਈ 2024 ਤੋਂ, ਵੀਜ਼ਾ ਧਾਰਕਾਂ ਵਾਸਤੇ ਹੁਣ ਆਪਣੀਆਂ ਵੀਜ਼ਾ ਸ਼ਰਤਾਂ ਦੀ ਉਲੰਘਣਾ ਕੀਤੇ ਬਿਨਾਂ ਕੋਈ ਨਵਾਂ ਮਾਲਕ ਲੱਭਣ ਲਈ ਸਮਾਂ ਵਧਾ ਦਿੱਤਾ ਗਿਆ ਹੈ:

- ਕ੍ਰਮਵਾਰ 180 ਦਿਨਾਂ ਤੱਕ, ਅਤੇ
- ਸਬਕਲਾਸ 482 (SID) ਵੀਜ਼ਾ ਰੱਖਦੇ ਹੋਏ ਵੀ, ਕੁੱਲ ਮਿਲਾ ਕੇ 365 ਦਿਨਾਂ ਤੱਕ ਕੰਮ ਕੀਤੇ ਬਿਨਾਂ

## ਇਸ ਤਬਦੀਲੀ ਦੌਰਾਨ ਤੁਸੀਂ ਕੀ ਕਰ ਸਕਦੇ ਹੋ?

ਜਿਸ ਸਮੇਂ ਕੋਈ ਸਬਕਲਾਸ 482 ਵੀਜ਼ਾ ਧਾਰਕ ਸਪਾਂਸਰਾਂ ਵਿਚਕਾਰ ਤਬਦੀਲ ਹੋ ਰਿਹਾ ਹੁੰਦਾ ਹੈ (ਕ੍ਰਮਵਾਰ (consecutive) 180 ਦਿਨਾਂ ਤੱਕ ਜਾਂ ਕੁੱਲ ਮਿਲਾ ਕੇ 365 ਦਿਨਾਂ ਤੱਕ), ਤਾਂ ਉਹ ਆਪਣੇ ਵੀਜ਼ੇ ਦੀ ਉਲੰਘਣਾ ਨਹੀਂ ਕਰਨਗੇ ਜੇਕਰ ਉਹ:

- ਕੰਮ ਕਰਨਾ ਬਿਲਕੁਲ ਬੰਦ ਹੀ ਕਰ ਦਿੰਦਾ ਹੈ
- ਆਪਣੇ ਆਪ ਲਈ ਕੰਮ ਕਰਦਾ ਹੈ
- ਕਿਸੇ ਸਪਾਂਸਰ ਨਾ ਕਰ ਰਹੇ ਮਾਲਕ ਲਈ ਕੰਮ ਕਰਦਾ ਹੈ

## ਇਸ ਸਮੇਂ ਦੌਰਾਨ ਤੁਸੀਂ ਕੀ ਕਰ ਸਕਦੇ ਹੋ

ਸਪਾਂਸਰਾਂ ਵਿਚ ਹੋ ਰਹੀ ਤਬਦੀਲੀ ਦੌਰਾਨ, ਤੁਸੀਂ ਇਹ ਕਰ ਸਕਦੇ ਹੋ:

- ਕੰਮ ਕਰਨਾ ਬਿਲਕੁਲ ਬੰਦ ਹੀ ਕਰ ਸਕਦੇ ਹੋ
- ਆਪਣਾ ਆਪ ਦਾ ਕੋਈ ਕੰਮ ਕਰ ਸਕਦੇ ਹੋ
- ਕਿਸੇ ਸਪਾਂਸਰ ਨਾ ਕਰ ਰਹੇ ਮਾਲਕ ਲਈ ਕੰਮ ਕਰ ਸਕਦੇ ਹੋ

## ਜੇਕਰ ਤੁਹਾਡਾ ਕੰਮ ਤੇ ਸ਼ੋਸ਼ਣ ਹੋਇਆ ਹੈ, ਤਾਂ ਤੁਸੀਂ ਕਾਨੂੰਨੀ ਕਾਰਵਾਈ ਕਰਨ ਲਈ ਆਸਟ੍ਰੇਲੀਆ ਵਿੱਚ ਰਹਿ ਸਕਦੇ ਹੋ।

ਤੁਹਾਨੂੰ ਕਿਸੇ ਭਾਗ ਲੈ ਰਹੀ ਸਰਕਾਰੀ ਏਜੰਸੀ ਜਾਂ ਮਾਨਤਾ ਪ੍ਰਾਪਤ ਤੀਜੀ ਧਿਰ ਤੋਂ ਪ੍ਰਮਾਣੀਕਰਣ (ਸਰਟੀਫ਼ੀਕੇਸ਼ਨ) ਦੀ ਲੋੜ ਹੋਵੇਗੀ ਜੋ ਇਹ ਪੁਸ਼ਟੀ ਕਰਦਾ ਹੋਵੇ ਕਿ:

- ਤੁਸੀਂ ਕੰਮ-ਕਾਜ ਦੇ ਸਥਾਨ ਤੇ ਸ਼ੋਸ਼ਣ ਦਾ ਅਨੁਭਵ ਕੀਤਾ ਹੈ
- ਤੁਹਾਨੂੰ ਸਮੱਸਿਆ ਨੂੰ ਹੱਲ ਕਰਨ ਲਈ ਸਹਾਇਤਾ ਮਿਲ ਰਹੀ ਹੈ।

**ਵਰਕਪਲੇਸ ਜਸਟਿਸ ਵੀਜ਼ਾ ਬਾਰੇ ਹੋਰ ਜਾਣਨ ਲਈ ਇੱਥੇ ਕਲਿੱਕ ਕਰੋ:**
**qldmigrantworkwise.com/wjv**

Queensland Migrant WorkWise
QLDMIGRANTWORKWISE.COM

This material was developed with funding from the Australian Government.